Phone no.: 01632-246293

E-mail:- eomcftr1632@gmail.com

# Municipal Council, Ferozepur

## ਨਗਰ ਕੌਂਸਲ, ਫਿਰੋਜ਼ਪੁਰ

ਇਕ ਕਦਮ ਸਵੱਛਤਾ ਵੱਲ

### ਪਬਲਿਕ ਨੋਟਿਸ

ਨਗਰ ਕੌਂਸਲ, ਫਿਰੋਜ਼ਪੁਰ ਵੱਲੋਂ ਆਪਣੇ ਮਤਾ ਨੰ: 27 ਮਿਤੀ: 25.06.2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ: ਸ1-ਜਸ-ਡਸਸ-2021/27760 ਮਿਤੀ: 16.07.2021 ਰਾਹੀਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆਂ ਅਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟਾਂ ਦੀਆਂ ਅਦਾਇਗੀਆਂ ਤੇ ਠੇਕਾ ਅਧਾਰ 100 ਸਫਾਈ ਸੇਵਕਾ ਦੀ ਨਿਯੁਕਤੀ ਕੀਤੀ ਜਾਣੀਆ ਹਨ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਮਿਤੀ: 09.08.2021 ਤੋਂ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾਂ (ਸਮੇਤ ਦਸਤਾਵੇਜ਼ਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ: 26.08.2021 ਤੱਕ ਰਜਿਸਟਰ ਡਾਕ ਰਾਹੀਂ ਜਾਂ ਹੱਥ ਦਸਤੀ ਤੋਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜ਼ਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ ਫਿਰੋਜ਼ਪੁਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਗੋਰ ਨਹੀਂ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵੱਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜ਼ਾਂ ਦੀਆਂ ਸਵੈ-ਤਸਦੀਕ ਸ਼ੁਦਾ ਕਾਪੀਆਂ ਨਾਲ ਨੱਥੀ ਕੀਤਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖਆਂ ਸ਼ਰਤਾਂ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ:-

1. ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਿਤ ਯੋਗਤਾ ਪੂਰੀ ਕਰਦਾ ਹੋਵੇ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਿਤ ਉਮਰ ਹੱਦ ਅਨੁਸਾਰ ਯੋਗ ਹੋਵੇ ਭਾਵ ਉਮੀਦਵਾਰ ਦੀ ਉਮਰ ਮਿਤੀ: 01.01.2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ।
3. ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਿਹਾ ਹੋਵੇ। ਇਸ ਸਬੰਧੀ ਉਮੀਦਵਾਰ ਤੋਂ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।
4. ਘੱਟੋ-ਘੱਟ ਤਿੰਨ ਸਾਲ ਦਾ ਤਜ਼ਰਬਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ। ਤਜ਼ਰਬੇ ਦੇ ਅਰਸੇ (Length of experience) ਦੇ ਅਧਾਰ ਤੇ ਪਹਿਲ ਦਿੱਤੀ ਜਾਵੇਗੀ।
5. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

ਸਫਾਈ ਕਰਮਚਾਰੀਆਂ ਦੀ ਪੰਜਾਬ ਮਿਊਂਸੀਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ।ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿਚ ਅਤੇ ਨਿਯੁਕਤੀ ਲਈ ਘੱਟੋ-ਘੱਟ ਉਮਰ ਵਿੱਚ ਉਮੀਦਵਾਰ ਦੇ ਤਜ਼ਰਬੇ ਦੇ ਬਰਾਬਰ, ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜ਼ੀਕਲੀ ਫਿਟ ਹੋਣਾ ਚਾਹੀਦਾ ਹੈ।

ਨਗਰ ਕੌਂਸਲ,ਫਿਰੋਜ਼ਪੁਰ ਵਲੋਂ ਨਿਯੁਕਤੀ ਕੀਤੀ ਜਾ ਰਹੇ ਸਫਾਈ ਸੇਵਕਾਂ ਤੋਂ ਸਫਾਈ ਦੇ ਕੰਮ, ਨਾਲੇ/ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖਭਾਲ ਦੇ ਕੰਮਾਂ ਅਤੇ ਮਾਲੀ ਬੇਲਦਾਰ/ਕੁਲੀ ਦਾ ਕੰਮ ਲਿਆ ਜਾ ਸਕਦਾ ਹੈ।

### ਕੰਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ-ਪੱਤਰ

ਬਿਨੈਕਾਰ ਦੀ ਤਸਦੀਕਸ਼ੁਦਾ ਫੋਟ

ਅਸਾਮੀ ਦਾ ਨਾਮ:-

| | | | | | | |
|---|---|---|---|---|---|---|
| 1. | ਉਮੀਦਵਾਰ ਦਾ ਨਾਮ | | | | | |
| 2. | ਪਿਤਾ/ਪਤੀ ਦਾ ਨਾਮ | | | | | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | | | | | |
| 4. | ਉਮਰ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ ਦੇ ਪੱਤਰ ਨੰ: 9/56/2020-5PP1/33 ਮਿਤੀ: 12/01/2021 ਰਾਹੀਂ ਛੋਟ ਦਿੱਤੀ ਜਾਵੇਗੀ) | | | | | |
| 5. | ਜਨਮ ਦਾ ਸਥਾਨ (ਜ਼ਿਲ੍ਹਾ ਅਤੇ ਰਾਜ) | | | | | |
| 6. | ਘਰ ਦਾ ਪੱਕਾ ਪਤਾ | | | | | |
| 7. | ਪੱਤਰ ਵਿਹਾਰ ਲਈ ਪਤਾ | | | | | |
| 8. | ਟੈਲੀਫੋਨ ਨੰਬਰ/ਮੋਬਾਇਲ ਨੰਬਰ | | | | | |
| 9. | ਕੈਟਾਗਿਰੀ | | | | | |
| 10. | ਕੌਮੀਅਤ (Nationality) | | | | | |
| 11. | ਵਿਦਿਅੱਕ ਯੋਗਤਾ | | | | | |
| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ (%) |
| | | | | | | |
| | | | | | | |

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ? ਹਾਂ ਜਾਂ ਨਹੀਂ ( )
13. ੳ) ਤਜ਼ਰਬਾ (ਕਦੋਂ ਤੋਂ ਕਦੋਂ ਤੱਕ) ਸੰਸਥਾ ਦਾ ਨਾਂ:

(ਨੋਟ: ਤਜ਼ਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ)

ਅ) ਈ.ਪੀ.ਐਫ ਨੰਬਰ ਜੇਕਰ ਹੈ ਤਾਂ

ੲ) ਸੈਲਰੀ ਅਕਾਊਂਟ ਨੰਬਰ (ਬੈਂਕ ਡਿਟੇਲ) ਜੇਕਰ ਹੈ ਤਾਂ

### ਸਵੈ ਘੋਸ਼ਣਾ

ਮੈ.................... ਪੁੱਤਰ/ਪੁੱਤਰੀ ਸ੍ਰੀ........... ਉਮਰ....... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ਼ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਮਿਤੀ:

ਸਥਾਨ:

ਉਮੀਦਵਾਰ ਦੇ ਹਸਤਾਖਰ

ਨੱਥੀ ਦਸਤਾਵੇਜ਼: 1.
2.
3.

ਚੇਅਰਮੈਨ ਸਿਲੈਕਸ਼ਨ ਕਮੇਟੀ-ਕਮ-ਪ੍ਰਧਾਨ
ਨਗਰ ਕੌਂਸਲ,ਫਿਰੋਜ਼ਪੁਰ

ਮੈਂਬਰ-ਸਕੱਤਰ-ਸਿਲੈਕਸ਼ਨ ਕਮੇਟੀ-ਕਮ-
ਕਾਰਜ ਸਾਧਕ ਅਫਸਰ
ਨਗਰ ਕੌਂਸਲ,ਫਿਰੋਜ਼ਪੁਰ

Scanned with CamScanner